Rise
WOMEN'S LEGAL CENTRE

# ਫੈਮਿਲੀ ਲਾਅ ਦੇ ਮਾਮਲਿਆਂ ਬਾਰੇ ਬੀ ਸੀ ਵਿਚ ਸਮੇਂ ਦੀਆਂ ਹੱਦਾਂ

ਜੇ ਤੁਸੀਂ ਫੈਮਿਲੀ ਲਾਅ ਦੇ ਕਿਸੇ ਮਾਮਲੇ ਵਿਚ ਸ਼ਾਮਲ ਹੋ ਤਾਂ ਕਾਨੂੰਨ ਹੇਠ ਤੁਹਾਡੇ ਖਾਸ ਹੱਕ ਹਨ। ਪਰ, ਆਪਣੇ ਹੱਕ ਕਾਇਮ ਰੱਖਣ ਲਈ ਤੁਹਾਡੇ ਲਈ ਸਮੇਂ ਦੀਆਂ ਖਾਸ ਹੱਦਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ।

ਇਹ ਚਾਰਟ ਉਹ ਕੁਝ ਅੰਤਿਮ ਤਾਰੀਕਾਂ ਅਤੇ ਸਮੇਂ ਦੀਆਂ ਹੱਦਾਂ ਦੱਸਦਾ ਹੈ ਜਿਹੜੀਆਂ ਤੁਹਾਡੇ 'ਤੇ ਲਾਗੂ ਹੋ ਸਕਦੀਆਂ ਹਨ। ਇਹ ਸਿਰਫ ਸੇਧ ਅਤੇ ਜਾਣਕਾਰੀ ਦੇਣ ਲਈ ਦਿੱਤਾ ਗਿਆ ਹੈ; ਇਹ ਕਾਨੂੰਨੀ ਸਲਾਹ ਨਹੀਂ ਹੈ। ਤੁਹਾਨੂੰ ਉਨ੍ਹਾਂ ਅੰਤਿਮ ਤਾਰੀਕਾਂ ਬਾਰੇ ਸਲਾਹ ਲਈ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ ਜਿਹੜੀਆਂ ਤੁਹਾਡੀ ਖੁਦ ਦੀ ਹਾਲਤ ਉੱਪਰ ਲਾਗੂ ਹੋ ਸਕਦੀਆਂ ਹਨ ਅਤੇ ਤੁਹਾਨੂੰ ਕਿਹੜੇ ਕਦਮ ਚੁੱਕਣ ਦੀ ਲੋੜ ਹੋ ਸਕਦੀ ਹੈ।

ਜੇ ਤੁਸੀਂ ਇਹ ਸੋਚਦੇ ਹੋਵੋ ਕਿ ਤੁਸੀਂ ਕਿਸੇ ਅੰਤਿਮ ਤਾਰੀਕ (ਡੈੱਡਲਾਈਨ) 'ਤੇ ਪਹੁੰਚ ਰਹੇ ਹੋ ਸਕਦੇ ਹੋ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਫੌਰਨ ਕਾਨੂੰਨੀ ਸਲਾਹ ਲਉ। ਇਹ ਕੁਝ ਸੰਸਥਾਵਾਂ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ:

- ਐਕਸੈੱਸ ਪ੍ਰੋ ਬੋਨੋ: accessprobono.ca
- ਜਸਟਿਸ ਐਕਸੈੱਸ ਸੈਂਟਰ: gov.bc.ca/gov/content/justice/about-bcs-justice-system/jac
- ਫੈਮਿਲੀ ਡਿਊਟੀ ਕੌਂਸਲ: lss.bc.ca/legal_aid/familyDutyCounsel
- ਫੈਮਿਲੀ ਲਾਅ ਲਾਈਨ: lss.bc.ca/legal_aid/FamilyLawLINE

| ਕਾਨੂੰਨੀ ਮਾਮਲਾ | ਲੋੜੀਂਦੇ ਕਦਮ | ਸਮੇਂ ਦੀ ਹੱਦ ਜਾਂ ਡੈੱਡਲਾਈਨ |
|---|---|---|
| **ਚਾਇਲਡ ਸੁਪੋਰਟ – ਜਿੱਥੇ ਚਾਇਲਡ ਸੁਪੋਰਟ (ਬੱਚੇ ਲਈ ਮਦਦ) ਦੇ ਸੰਬੰਧ ਵਿਚ ਕੋਈ ਮੌਜੂਦਾ ਆਰਡਰ ਜਾਂ ਐਗਰੀਮੈਂਟ ਨਹੀਂ ਹੈ** | | |
| **ਤੁਸੀਂ ਚਾਇਲਡ ਸੁਪੋਰਟ ਲਈ ਆਰਡਰ ਚਾਹੁੰਦੇ ਹੋ।**<br>*ਫੈਮਿਲੀ ਲਾਅ ਐਕਟ*, ਐੱਸ.ਬੀ.ਸੀ. 2011, ਸੀ. 125, ਐੱਸ. 149 | ਚਾਇਲਡ ਸੁਪੋਰਟ ਲਈ ਬੀ ਸੀ ਸੁਪਰੀਮ ਕੋਰਟ ਕੋਲ ਜਾਂ ਬੀ ਸੀ ਪ੍ਰੋਵਿੰਸ਼ਲ (ਸੂਬਾਈ) ਕੋਰਟ ਕੋਲ ਅਪਲਾਈ ਕਰੋ। | ਜੇ ਬੱਚਾ 18 ਸਾਲ ਜਾਂ ਘੱਟ ਉਮਰ ਦਾ ਹੈ ਤਾਂ ਸਮੇਂ ਦੀ ਕੋਈ ਹੱਦ ਨਹੀਂ ਹੈ, ਜਾਂ ਜੇ ਬੱਚਾ 19 ਸਾਲ ਜਾਂ ਜ਼ਿਆਦਾ ਉਮਰ ਦਾ ਹੈ ਅਤੇ ਨਿਰਭਰ ਰਹਿਣਾ ਜਾਰੀ ਰੱਖਦਾ ਹੈ ਕਿਉਂਕਿ ਉਹ ਫੁੱਲ ਟਾਈਮ ਪੜ੍ਹਾਈ ਕਰ ਰਿਹਾ ਹੈ ਜਾਂ ਕੋਈ ਬੀਮਾਰੀ ਜਾਂ ਡਿਸਏਬਿਲਟੀ ਹੈ।<br>ਪਰ, ਪਿਛਲੀ ਕਿਸੇ ਤਾਰੀਕ ਤੋਂ ਚਾਇਲਡ ਸੁਪੋਰਟ (ਜਿਸ ਨੂੰ ਰੈਟਰੋਐਕਟਿਵ ਚਾਇਲਡ ਸੁਪੋਰਟ ਵੀ ਆਖਿਆ ਜਾਂਦਾ ਹੈ) ਤੁਹਾਡੇ ਵਲੋਂ ਪਹਿਲੀ ਵਾਰੀ ਮੰਗਣ ਤੋਂ ਪਹਿਲਾਂ ਦੇ ਤਿੰਨ ਸਾਲਾਂ ਤੱਕ ਹੀ ਸੀਮਤ ਹੋ ਸਕਦੀ ਹੈ, ਇਸ ਕਰਕੇ ਛੇਤੀ ਤੋਂ ਛੇਤੀ ਕੋਰਟ ਕੋਲ ਅਪਲਾਈ ਕਰੋ। |
| **ਤੁਸੀਂ ਬੱਚੇ ਦੇ ਮਤਰੇਏ ਮਾਪੇ ਤੋਂ ਚਾਇਲਡ ਸੁਪੋਰਟ ਚਾਹੁੰਦੇ ਹੋ।**<br>*ਫੈਮਿਲੀ ਲਾਅ ਐਕਟ*, ਐੱਸ. 147(4) | ਮਤਰੇਏ ਮਾਪੇ ਤੋਂ ਚਾਇਲਡ ਸੁਪੋਰਟ ਲਈ ਬੀ ਸੀ ਸੁਪਰੀਮ ਕੋਰਟ ਕੋਲ ਜਾਂ ਬੀ ਸੀ ਪ੍ਰੋਵਿੰਸ਼ਲ ਕੋਰਟ ਕੋਲ ਅਪਲਾਈ ਕਰੋ। | ਬੱਚੇ ਦੀ ਸੁਪੋਰਟ ਵਿਚ ਮਤਰੇਏ ਮਾਪੇ ਦੇ ਪਿਛਲੇ ਯੋਗਦਾਨ ਤੋਂ ਬਾਅਦ ਇਕ ਸਾਲ ਦੇ ਵਿਚ ਵਿਚ ਅਪਲਾਈ ਕਰੋ। |

| ਕਾਨੂੰਨੀ ਮਾਮਲਾ | ਲੋੜੀਂਦੇ ਕਦਮ | ਸਮੇਂ ਦੀ ਹੱਦ ਜਾਂ ਡੈੱਡਲਾਈਨ |
|---|---|---|
| **ਚਾਇਲਡ ਸੁਪੋਰਟ –** ਜਿੱਥੇ ਚਾਇਲਡ ਸੁਪੋਰਟ (ਬੱਚੇ ਲਈ ਮਦਦ) ਦੇ ਸੰਬੰਧ ਵਿਚ ਕੋਈ ਮੌਜੂਦਾ ਆਰਡਰ ਜਾਂ ਐਗਰੀਮੈਂਟ ਹੈ | | |
| **ਤੁਸੀਂ ਮੌਜੂਦਾ ਆਰਡਰ ਨੂੰ ਬਦਲਣਾ, ਰੱਦ ਕਰਨਾ, ਜਾਂ ਖਤਮ ਕਰਨਾ ਚਾਹੁੰਦੇ ਹੋ** (ਉਦਾਹਰਣ ਲਈ, ਆਮਦਨ ਵਿਚ ਤਬਦੀਲੀ ਜਾਂ ਪਾਲਣ ਪੋਸਣ ਦੇ ਪ੍ਰਬੰਧਾਂ ਵਿਚ ਤਬਦੀਲੀ ਕਰਕੇ ਰਕਮ ਵਿਚ ਤਬਦੀਲੀ)।<br>*ਫੈਮਿਲੀ ਲਾਅ ਐਕਟ*, ਐੱਸ. 148(3) ਅਤੇ ਐੱਸ. 152 | ਮੌਜੂਦ ਆਰਡਰ ਜਾਂ ਐਗਰੀਮੈਂਟ ਨੂੰ ਬਦਲਣ, ਰੱਦ ਕਰਨ, ਜਾਂ ਖਤਮ ਕਰਨ ਲਈ ਕੋਰਟ ਕੋਲ ਅਪਲਾਈ ਕਰੋ।<br>ਉਸ ਕੋਰਟ ਕੋਲ ਹੀ ਅਪਲਾਈ ਕਰੋ ਜਿਸ ਨੇ ਪਹਿਲਾ ਆਰਡਰ ਕੀਤਾ ਸੀ। | ਕੋਈ ਹੱਦ ਨਹੀਂ, ਪਰ ਤੁਹਾਨੂੰ ਕੋਰਟ ਕੋਲ ਛੇਤੀ ਤੋਂ ਛੇਤੀ ਅਪਲਾਈ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ ਤਾਂ ਜੋ ਪਿੱਛੇ ਤੋਂ ਚਾਇਲਡ ਸੁਪੋਰਟ ਲੈਣ ਦੇ ਮਸਲਿਆਂ ਤੋਂ ਬਚਿਆ ਜਾ ਸਕੇ।<br>ਪਿੱਛੇ ਤੋਂ ਚਾਇਲਡ ਸੁਪੋਰਟ ਤੁਹਾਡੇ ਪਹਿਲੀ ਵਾਰੀ ਅਪਲਾਈ ਕਰਨ ਤੋਂ ਪਿੱਛੇ ਦੇ ਤਿੰਨ ਸਾਲਾਂ ਤੱਕ ਸੀਮਤ ਹੋ ਸਕਦੀ ਹੈ। |
| **ਸਪਾਉਜ਼ਲ ਸੁਪੋਰਟ –** ਜਿੱਥੇ ਸਪਾਉਜ਼ਲ ਸੁਪੋਰਟ ਨਾਲ ਸੰਬੰਧਿਤ ਕੋਈ ਮੌਜੂਦਾ ਆਰਡਰ ਜਾਂ ਐਗਰੀਮੈਂਟ ਨਹੀਂ ਹੈ | | |
| **ਤੁਸੀਂ** ਆਪਣੇ ਪਿਛਲੇ ਸਾਥੀ ਤੋਂ **ਸਪਾਉਜ਼ਲ ਸੁਪੋਰਟ ਚਾਹੁੰਦੇ ਹੋ**, ਭਾਵੇਂ ਤੁਸੀਂ ਵਿਆਹੇ ਹੋਏ ਸੀ ਜਾਂ ਵਿਆਹ ਵਰਗੇ ਸੰਬੰਧਾਂ ਵਿਚ ਘੱਟੋ ਘੱਟ ਦੋ ਸਾਲ ਰਹੇ ਸੀ।<br>*ਫੈਮਿਲੀ ਲਾਅ ਐਕਟ*, ਐੱਸ. 198(2) | ਸਪਾਉਜ਼ਲ ਸੁਪੋਰਟ ਲਈ ਬੀ ਸੀ ਸੁਪਰੀਮ ਕੋਰਟ ਕੋਲ ਜਾਂ ਬੀ ਸੀ ਪ੍ਰੋਵਿੰਸ਼ਲ ਕੋਰਟ ਕੋਲ ਅਪਲਾਈ ਕਰੋ। | ਜੇ ਤੁਸੀਂ ਆਪਣੇ ਪਿਛਲੇ ਸਾਥੀ ਨਾਲ ਵਿਆਹੇ ਹੋਏ ਨਹੀਂ ਸੀ, ਆਪਣੇ ਅਲੱਗ ਹੋਣ ਦੀ ਤਾਰੀਕ ਤੋਂ ਬਾਅਦ ਦੋ ਸਾਲਾਂ ਦੇ ਵਿਚ ਵਿਚ ਅਪਲਾਈ ਕਰੋ।<br>ਜੇ ਤੁਸੀਂ ਆਪਣੇ ਪਿਛਲੇ ਸਾਥੀ ਨਾਲ ਵਿਆਹੇ ਹੋਏ ਸੀ ਤਾਂ ਤਲਾਕ ਦਾ ਆਰਡਰ ਮਿਲਣ ਤੋਂ ਬਾਅਦ ਦੋ ਸਾਲਾਂ ਦੇ ਵਿਚ ਵਿਚ ਅਪਲਾਈ ਕਰੋ। (ਇਹ ਗੱਲ ਨੋਟ ਕਰੋ ਕਿ ਤੁਸੀਂ ਫੌਰਨ ਅਪਲਾਈ ਕਰ ਸਕਦੇ ਹੋ; ਅਪਲਾਈ ਕਰਨ ਲਈ ਤੁਹਾਨੂੰ ਤਲਾਕ ਹੋਣ ਤੱਕ ਉਡੀਕ ਕਰਨ ਦੀ ਲੋੜ ਨਹੀਂ ਹੈ।) |
| **ਸਪਾਉਜ਼ਲ ਸੁਪੋਰਟ –** ਜਿੱਥੇ ਸਪਾਉਜ਼ਲ ਸੁਪੋਰਟ ਨਾਲ ਸੰਬੰਧਿਤ ਕੋਈ ਮੌਜੂਦਾ ਆਰਡਰ ਜਾਂ ਐਗਰੀਮੈਂਟ ਹੈ | | |
| **ਤੁਸੀਂ ਮੌਜੂਦਾ ਆਰਡਰ ਬਦਲਣਾ ਚਾਹੁੰਦੇ ਹੋ** (ਉਦਾਹਰਣ ਲਈ, ਸਪਾਉਜ਼ਲ ਸੁਪੋਰਟ ਦੀ ਰਕਮ ਵਧਾਉਣ ਲਈ ਜਾਂ ਮਿਆਦ, ਜਾਂ ਲੰਬਾਈ ਵਧਾਉਣ ਲਈ)।<br>*ਫੈਮਿਲੀ ਲਾਅ ਐਕਟ*, ਐੱਸ. 167(3) | ਸਪਾਉਜ਼ਲ ਸੁਪੋਰਟ ਲਈ ਮੌਜੂਦਾ ਆਰਡਰ ਨੂੰ ਬਦਲਣ ਲਈ ਕੋਰਟ ਕੋਲ ਅਪਲਾਈ ਕਰੋ।<br>ਉਸ ਕੋਰਟ ਕੋਲ ਹੀ ਅਪਲਾਈ ਕਰੋ ਜਿਸ ਨੇ ਪਹਿਲਾ ਆਰਡਰ ਕੀਤਾ ਸੀ। | ਸਮੇਂ ਦੀ ਕੋਈ ਹੱਦ ਨਹੀਂ, ਪਰ ਮੌਜੂਦਾ ਆਰਡਰ ਹੇਠ ਸਪਾਉਜ਼ਲ ਸੁਪੋਰਟ ਦੀਆਂ ਪੇਮੈਂਟਾਂ ਦੇ ਖਤਮ ਹੋਣ ਤੋਂ ਪਹਿਲਾਂ ਅਪਲਾਈ ਕਰਨਾ ਬਿਹਤਰ ਹੈ।<br>ਤੁਸੀਂ ਮੌਜੂਦਾ ਆਰਡਰ ਦੇ ਖਤਮ ਹੋਣ ਤੋਂ ਬਾਅਦ ਅਜੇ ਵੀ ਅਪਲਾਈ ਕਰਨ ਦੇ ਯੋਗ ਹੋ ਸਕਦੇ ਹੋ, ਪਰ ਫਿਰ ਮੌਜੂਦਾ ਆਰਡਰ ਨੂੰ ਬਦਲਣਾ ਔਖਾ ਹੋ ਸਕਦਾ ਹੈ। |
| **ਤੁਸੀਂ ਮੌਜੂਦਾ ਆਰਡਰ ਨੂੰ ਰੱਦ ਕਰਵਾਉਣਾ ਜਾਂ ਬਦਲਣਾ ਚਾਹੁੰਦੇ ਹੋ।**<br>*ਫੈਮਿਲੀ ਲਾਅ ਐਕਟ*, ਐੱਸ. 198(3) | ਮੌਜੂਦਾ ਆਰਡਰ ਨੂੰ ਰੱਦ ਕਰਵਾਉਣ ਜਾਂ ਬਦਲਣ ਲਈ ਬੀ ਸੀ ਸੁਪਰੀਮ ਕੋਰਟ ਕੋਲ ਜਾਂ ਬੀ ਸੀ ਪ੍ਰੋਵਿੰਸ਼ਲ ਕੋਰਟ ਕੋਲ ਅਪਲਾਈ ਕਰੋ। | ਉਸ ਸਮੇਂ ਤੋਂ ਬਾਅਦ ਦੋ ਸਾਲਾਂ ਦੇ ਵਿਚ ਵਿਚ ਅਪਲਾਈ ਕਰੋ ਜਦੋਂ ਤੁਹਾਨੂੰ ਪਤਾ ਸੀ ਜਾਂ ਪਤਾ ਹੋਣਾ ਚਾਹੀਦਾ ਸੀ ਕਿ ਐਪਲੀਕੇਸ਼ਨ ਕਰਨ ਦਾ ਕੋਈ ਕਾਰਨ ਸੀ। |
| **ਇੰਟਰਜਿਊਰਿਸਡਿਕਸ਼ਨਲ ਸੁਪੋਰਟ –** ਚਾਇਲਡ ਜਾਂ ਸਪਾਉਜ਼ਲ ਸੁਪੋਰਟ ਜਿੱਥੇ ਇਕ ਧਿਰ ਬੀ ਸੀ ਤੋਂ ਬਾਹਰ ਰਹਿੰਦੀ ਹੈ | | |
| ਚਾਇਲਡ ਜਾਂ ਸਪਾਉਜ਼ਲ ਸੁਪੋਰਟ ਲਈ **ਤੁਸੀਂ ਕਿਸੇ ਬਦੇਸ਼ੀ ਆਰਡਰ ਨੂੰ ਰੱਦ ਕਰਵਾਉਣਾ ਚਾਹੁੰਦੇ ਹੋ** ਜਿਹੜਾ ਬੀ ਸੀ ਦੀ ਕਿਸੇ ਕੋਰਟ ਵਿਚ ਰਜਿਸਟਰ ਹੋਇਆ ਹੈ।<br>*ਇੰਟਰਜਿਊਰਿਸਡਿਕਸ਼ਨਲ ਸੁਪੋਰਟ ਆਰਡਰਜ਼ ਐਕਟ, ਐੱਸ.ਬੀ.ਸੀ. 2002*, ਐੱਸ. 19(2) | ਬਦੇਸ਼ੀ ਆਰਡਰ ਦੀ ਰਜਿਸਟਰੇਸ਼ਨ ਰੱਦ ਕਰਵਾਉਣ ਲਈ ਬੀ ਸੀ ਦੀ ਉਸ ਕੋਰਟ ਕੋਲ ਅਪਲਾਈ ਕਰੋ ਜਿਸ ਨੇ ਆਰਡਰ ਰਜਿਸਟਰ ਕੀਤਾ ਹੈ। | ਰਜਿਸਟਰੇਸ਼ਨ ਦਾ ਨੋਟਿਸ ਮਿਲਣ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ ਬੀ ਸੀ ਦੀ ਉਸ ਕੋਰਟ ਕੋਲ ਅਪਲਾਈ ਕਰੋ ਜਿਸ ਨੇ ਆਰਡਰ ਰਜਿਸਟਰ ਕੀਤਾ ਹੈ। |
| ਤੁਸੀਂ *ਇੰਟਰਜਿਊਰਿਸਡਿਕਸ਼ਨਲ ਸੁਪੋਰਟ ਆਰਡਰਜ਼ ਐਕਟ* ਹੇਠ ਉਸ **ਆਰਡਰ ਬਾਰੇ ਅਪੀਲ ਕਰਨਾ ਚਾਹੁੰਦੇ ਹੋ** ਜਿਹੜਾ ਬੀ ਸੀ ਦੀ ਕਿਸੇ ਕੋਰਟ ਵਿਚ ਕੀਤਾ ਗਿਆ ਹੈ।<br>*ਇੰਟਰਜਿਊਰਿਸਡਿਕਸ਼ਨਲ ਸੁਪੋਰਟ ਆਰਡਰਜ਼ ਐਕਟ* ਐੱਸ. 36(5) | *ਇੰਟਰਜਿਊਰਿਸਡਿਕਸ਼ਨਲ ਸੁਪੋਰਟ ਆਰਡਰਜ਼ ਐਕਟ* ਹੇਠ ਬੀ ਸੀ ਦੀ ਕਿਸੇ ਵੀ ਕੋਰਟ ਵਲੋਂ ਕੀਤੇ ਗਏ ਆਦੇਸ਼, ਫੈਸਲੇ ਜਾਂ ਆਰਡਰ ਵਿਰੁੱਧ ਅਪੀਲ ਕਰਨ ਲਈ ਅਪਲਾਈ ਕਰੋ। | ਕਿਸੇ ਆਦੇਸ਼, ਫੈਸਲੇ ਜਾਂ ਆਰਡਰ ਨੂੰ ਬੀ ਸੀ ਦੀ ਕੋਰਟ ਵਿਚ ਅਦਾਲਤੀ ਫੈਸਲੇ ਵਜੋਂ ਦਾਖਲ ਕਰ ਲਏ ਜਾਣ ਤੋਂ ਬਾਅਦ 90 ਦਿਨਾਂ ਦੇ ਵਿਚ ਵਿਚ ਢੁਕਵੀਂ ਕੋਰਟ ਕੋਲ ਆਪਣੀ ਅਪੀਲ ਦਰਜ ਕਰਵਾਉ। |

| ਕਾਨੂੰਨੀ ਮਾਮਲਾ | ਲੋੜੀਂਦੇ ਕਦਮ | ਸਮੇਂ ਦੀ ਹੱਦ ਜਾਂ ਡੈੱਡਲਾਈਨ |
|---|---|---|
| **ਪੇਰੈਂਟਿੰਗ ਜਾਂ ਕੌਨਟੈਕਟ ਟਾਈਮ ਤੋਂ ਇਨਕਾਰ** – ਜਿੱਥੇ ਕੋਈ ਮੌਜੂਦਾ ਆਰਡਰ ਜਾਂ ਐਗਰੀਮੈਂਟ ਹੈ | | |
| **ਕੋਰਟ ਵਲੋਂ ਆਰਡਰ ਕੀਤੇ ਗਏ ਤੁਹਾਡੇ ਪੇਰੈਂਟਿੰਗ ਜਾਂ ਕੌਨਟੈਕਟ ਟਾਈਮ** ਨੂੰ ਦੂਜੇ ਮਾਪੇ ਜਾਂ ਦੂਜੇ ਗਾਰਡੀਅਨ ਵਲੋਂ **ਗਲਤ ਤਰੀਕੇ ਨਾਲ ਨਾਂਹ ਕੀਤੀ ਗਈ ਹੈ** ਅਤੇ ਤੁਸੀਂ ਇਸ ਦਾ ਹੱਲ ਚਾਹੁੰਦੇ ਹੋ, ਜਿਵੇਂ ਕਿ ਪੇਰੈਂਟਿੰਗ ਜਾਂ ਕੌਨਟੈਕਟ ਟਾਈਮ ਦਾ ਘਾਟਾ ਪੂਰਾ ਕਰਨਾ।<br>*ਫੈਮਿਲੀ ਲਾਅ ਐਕਟ*, ਐੱਸ. 61 | ਜੇ ਪੇਰੈਂਟਿੰਗ ਜਾਂ ਕੌਨਟੈਕਟ ਟਾਈਮ ਨੂੰ ਗਲਤ ਤਰੀਕੇ ਨਾਲ ਨਾਂਹ ਕੀਤੀ ਗਈ ਹੈ ਤਾਂ ਕੋਰਟ ਕੋਲ ਹੱਲ ਲਈ ਅਪਲਾਈ ਕਰੋ।<br>ਉਸ ਕੋਰਟ ਕੋਲ ਅਪਲਾਈ ਕਰੋ ਜਿਸ ਨੇ ਪੇਰੈਂਟਿੰਗ ਜਾਂ ਕੌਨਟੈਕਟ ਟਾਈਮ ਦਾ ਆਰਡਰ ਕੀਤਾ ਹੈ। | ਬੱਚੇ ਨਾਲ ਪੇਰੈਂਟਿੰਗ ਜਾਂ ਕੌਨਟੈਕਟ ਟਾਈਮ ਤੋਂ ਇਨਕਾਰ ਹੋਣ ਤੋਂ ਬਾਅਦ 12 ਮਹੀਨਿਆਂ ਦੇ ਵਿਚ ਵਿਚ ਅਪਲਾਈ ਕਰੋ। |
| **ਪ੍ਰੋਟੈਕਸ਼ਨ ਆਰਡਰ** | | |
| **ਤੁਸੀਂ ਮੌਜੂਦਾ ਪ੍ਰੋਟੈਕਸ਼ਨ ਆਰਡਰ ਦੀ ਮਿਆਦ ਵਧਾਉਣਾ ਚਾਹੁੰਦੇ ਹੋ।**<br>*ਫੈਮਿਲੀ ਲਾਅ ਐਕਟ*, ਐੱਸ. 187(2) | ਪ੍ਰੋਟੈਕਸ਼ਨ ਆਰਡਰ ਦੀ ਮਿਆਦ ਵਧਾਉਣ ਲਈ ਕੋਰਟ ਕੋਲ ਅਪਲਾਈ ਕਰੋ।<br>ਉਸ ਕੋਰਟ ਕੋਲ ਅਪਲਾਈ ਕਰੋ ਜਿਸ ਨੇ ਮੁਢਲਾ ਪ੍ਰੋਟੈਕਸ਼ਨ ਆਰਡਰ ਕੀਤਾ ਹੈ। | ਮੌਜੂਦਾ ਪ੍ਰੋਟੈਕਸ਼ਨ ਆਰਡਰ ਦੇ ਖਤਮ ਹੋਣ ਤੋਂ ਪਹਿਲਾਂ ਅਪਲਾਈ ਕਰੋ।<br>ਜੇ ਮੌਜੂਦਾ ਪ੍ਰੋਟੈਕਸ਼ਨ ਆਰਡਰ ਖਤਮ ਹੋ ਗਿਆ ਹੈ ਤਾਂ ਤੁਸੀਂ ਅਜੇ ਵੀ ਨਵੇਂ ਪ੍ਰੋਟੈਕਸ਼ਨ ਆਰਡਰ ਲਈ ਅਪਲਾਈ ਕਰ ਸਕਦੇ ਹੋ। |
| **ਪ੍ਰਾਪਰਟੀ ਅਤੇ ਕਰਜ਼ੇ ਦੀ ਵੰਡ** – ਜਿੱਥੇ ਪ੍ਰਾਪਰਟੀ ਅਤੇ ਕਰਜ਼ੇ ਦੀ ਵੰਡ ਨਾਲ ਸੰਬੰਧਿਤ ਕੋਈ ਮੌਜੂਦਾ ਆਰਡਰ ਜਾਂ ਐਗਰੀਮੈਂਟ ਨਹੀਂ ਹੈ | | |
| **ਤੁਸੀਂ ਪ੍ਰਾਪਰਟੀ, ਕਰਜ਼ੇ, ਜਾਂ ਪੈਨਸ਼ਨਾਂ ਵੰਡਣ ਲਈ ਆਰਡਰ ਚਾਹੁੰਦੇ ਹੋ।**<br>*ਫੈਮਿਲੀ ਲਾਅ ਐਕਟ*, ਐੱਸ. 198(2) | ਪਰਿਵਾਰ ਦੀ ਪ੍ਰਾਪਰਟੀ ਜਾਂ ਕਰਜ਼ੇ ਦੀ ਵੰਡ ਲਈ ਜਾਂ ਪੈਨਸ਼ਨ ਦੀ ਵੰਡ ਲਈ ਆਰਡਰ ਲੈਣ ਲਈ ਬੀ ਸੀ ਸੁਪਰੀਮ ਕੋਰਟ ਕੋਲ ਅਪਲਾਈ ਕਰੋ। | ਜੇ ਤੁਸੀਂ ਆਪਣੇ ਪਿਛਲੇ ਸਾਥੀ ਨਾਲ ਵਿਆਹੇ ਹੋਏ ਨਹੀਂ ਸੀ, ਆਪਣੇ ਅਲੱਗ ਹੋਣ ਦੀ ਤਾਰੀਕ ਤੋਂ ਬਾਅਦ ਦੋ ਸਾਲਾਂ ਦੇ ਵਿਚ ਵਿਚ ਅਪਲਾਈ ਕਰੋ।<br>ਜੇ ਤੁਸੀਂ ਆਪਣੇ ਪਿਛਲੇ ਸਾਥੀ ਨਾਲ ਵਿਆਹੇ ਹੋਏ ਸੀ ਤਾਂ ਤਲਾਕ ਦਾ ਆਰਡਰ ਮਿਲਣ ਤੋਂ ਬਾਅਦ ਦੋ ਸਾਲਾਂ ਦੇ ਵਿਚ ਵਿਚ ਅਪਲਾਈ ਕਰੋ। (ਇਹ ਗੱਲ ਨੋਟ ਕਰੋ ਕਿ ਤੁਸੀਂ ਫੌਰਨ ਅਪਲਾਈ ਕਰ ਸਕਦੇ ਹੋ; ਅਪਲਾਈ ਕਰਨ ਲਈ ਤੁਹਾਨੂੰ ਤਲਾਕ ਹੋਣ ਤੱਕ ਉਡੀਕ ਕਰਨ ਦੀ ਲੋੜ ਨਹੀਂ ਹੈ।) |
| **ਪ੍ਰਾਪਰਟੀ ਅਤੇ ਕਰਜ਼ੇ ਦੀ ਵੰਡ** – ਜਿੱਥੇ ਪ੍ਰਾਪਰਟੀ ਅਤੇ ਕਰਜ਼ੇ ਦੀ ਵੰਡ ਨਾਲ ਸੰਬੰਧਿਤ ਕੋਈ ਮੌਜੂਦਾ ਆਰਡਰ ਜਾਂ ਐਗਰੀਮੈਂਟ ਹੈ | | |
| **ਤੁਸੀਂ ਮੌਜੂਦਾ ਐਗਰੀਮੈਂਟ ਨੂੰ ਰੱਦ ਕਰਵਾਉਣਾ ਚਾਹੁੰਦੇ ਹੋ** (ਉਦਾਹਰਣ ਲਈ, ਕਿਉਂਕਿ ਤੁਹਾਨੂੰ ਇਹ ਨਹੀਂ ਪਤਾ ਸੀ ਕਿ ਐਗਰੀਮੈਂਟ ਨਾਵਾਜਬ ਸੀ ਜਾਂ ਕਿਉਂਕਿ ਤੁਹਾਡੇ ਪਿਛਲੇ ਸਾਥੀ ਨੇ ਪ੍ਰਾਪਰਟੀ ਜ਼ਾਹਰ ਨਹੀਂ ਕੀਤੀ ਸੀ)।<br>*ਫੈਮਿਲੀ ਲਾਅ ਐਕਟ*, ਐੱਸ. 198(3) | ਪਰਿਵਾਰ ਦੀ ਪ੍ਰਾਪਰਟੀ ਜਾਂ ਕਰਜ਼ੇ ਦੀ ਵੰਡ ਜਾਂ ਪੈਨਸ਼ਨ ਦੀ ਵੰਡ ਨਾਲ ਸੰਬੰਧਿਤ ਐਗਰੀਮੈਂਟ ਨੂੰ ਰੱਦ ਕਰਵਾਉਣ ਜਾਂ ਬਦਲਣ ਲਈ ਬੀ ਸੀ ਸੁਪਰੀਮ ਕੋਰਟ ਕੋਲ ਅਪਲਾਈ ਕਰੋ। | ਉਸ ਸਮੇਂ ਤੋਂ ਬਾਅਦ ਦੋ ਸਾਲਾਂ ਦੇ ਵਿਚ ਵਿਚ ਅਪਲਾਈ ਕਰੋ ਜਦੋਂ ਤੁਹਾਨੂੰ ਪਤਾ ਸੀ ਜਾਂ ਪਤਾ ਹੋਣਾ ਚਾਹੀਦਾ ਸੀ ਕਿ ਐਪਲੀਕੇਸ਼ਨ ਕਰਨ ਦਾ ਕੋਈ ਕਾਰਨ ਸੀ। |
| **ਕੈਨੇਡਾ ਪੈਨਸ਼ਨ ਪਲੈਨ** | | |
| **ਤੁਸੀਂ ਕੈਨੇਡਾ ਪੈਨਸ਼ਨ ਪਲੈਨ ਦੇ ਕੋਈ ਵੀ ਬੈਨੇਫਿਟਸ ਵੰਡਣਾ ਚਾਹੁੰਦੇ ਹੋ** ਜਿਹੜੇ ਤੁਹਾਨੂੰ ਜਾਂ ਤੁਹਾਡੇ ਪਿਛਲੇ ਸਾਥੀ ਨੂੰ ਮਿਲ ਸਕਦੇ ਹਨ।<br>*ਕੈਨੇਡਾ ਪੈਨਸ਼ਨ ਪਲੈਨ*, ਆਰ. ਐੱਸ.ਸੀ. 1985, ਸੀ. ਸੀ-8, ਐੱਸ. 55.1(ਏ) (ii) ਅਤੇ (ਸੀ) | ਸੀ ਪੀ ਪੀ ਬੈਨੇਫਿਟਸ ਦੀ ਵੰਡ ਲਈ ਸਰਵਿਸ ਕੈਨੇਡਾ ਕੋਲ ਅਪਲਾਈ ਕਰੋ। | ਜੇ ਤੁਸੀਂ ਆਪਣੇ ਪਿਛਲੇ ਸਾਥੀ ਨਾਲ ਵਿਆਹੇ ਹੋਏ ਨਹੀਂ ਸੀ, ਆਪਣੇ ਅਲੱਗ ਹੋਣ ਦੀ ਤਾਰੀਕ ਤੋਂ ਬਾਅਦ ਚਾਰ ਸਾਲਾਂ ਦੇ ਵਿਚ ਵਿਚ ਅਪਲਾਈ ਕਰੋ ਜਾਂ ਦੋਨੋਂ ਪਿਛਲੇ ਸਾਥੀਆਂ ਦੀ ਸਹਿਮਤੀ ਨਾਲ ਕਿਸੇ ਸਮੇਂ ਵੀ।<br>ਜੇ ਤੁਸੀਂ ਆਪਣੇ ਪਿਛਲੇ ਸਾਥੀ ਨਾਲ ਵਿਆਹੇ ਹੋਏ ਸੀ ਤਾਂ ਦੋਨੋਂ ਸਾਥੀਆਂ ਦੇ ਜੀਵਤ ਹੋਣ ਦੌਰਾਨ ਕਿਸੇ ਸਮੇਂ ਵੀ ਅਪਲਾਈ ਕਰੋ ਜਾਂ ਪਿਛਲੇ ਸਾਥੀ ਦੀ ਮੌਤ ਤੋਂ ਬਾਅਦ ਤਿੰਨ ਸਾਲਾਂ ਦੇ ਵਿਚ ਵਿਚ। |

| ਕਾਨੂੰਨੀ ਮਾਮਲਾ | ਲੋੜੀਂਦੇ ਕਦਮ | ਸਮੇਂ ਦੀ ਹੱਦ ਜਾਂ ਡੈੱਡਲਾਈਨ |
|---|---|---|
| **ਅਪੀਲਾਂ** | | |
| **ਤੁਸੀਂ ਬੀ ਸੀ ਪ੍ਰੋਵਿੰਸ਼ਲ ਕੋਰਟ ਵਿਚ ਕੀਤੇ ਗਏ ਕਿਸੇ ਫਾਈਨਲ ਆਰਡਰ ਦੀ ਅਪੀਲ ਕਰਨਾ ਚਾਹੁੰਦੇ ਹੋ।** *ਫੈਮਿਲੀ ਲਾਅ ਐਕਟ*, ਐੱਸ. 233 | ਬੀ ਸੀ ਸੁਪਰੀਮ ਕੋਰਟ ਵਿਚ ਅਪੀਲ ਦਾ ਨੋਟਿਸ ਦਰਜ ਕਰਵਾਉ। | ਬੀ ਸੀ ਪ੍ਰੋਵਿੰਸ਼ਲ ਕੋਰਟ ਵਲੋਂ ਕੀਤੇ ਗਏ ਆਰਡਰ ਵਾਲੇ ਦਿਨ ਤੋਂ ਬਾਅਦ 40 ਦਿਨਾਂ ਦੇ ਵਿਚ ਵਿਚ ਆਪਣਾ ਅਪੀਲ ਦਾ ਨੋਟਿਸ ਦਰਜ ਕਰਵਾਉ (ਇਹ ਗੱਲ ਨੋਟ ਕਰੋ ਕਿ ਜੱਜ ਆਪਣਾ ਆਰਡਰ ਉਸ ਦਿਨ ਵੀ ਕਰ ਸਕਦਾ ਹੈ ਜਦੋਂ ਤੁਸੀਂ ਕੋਰਟ ਵਿਚ ਜਾਂਦੇ ਹੋ, ਜਾਂ ਉਹ ਆਪਣਾ ਫੈਸਲਾ ਕਰ ਸਕਦਾ ਹੈ ਅਤੇ ਕਿਸੇ ਬਾਅਦ ਦੀ ਤਰੀਕ ਨੂੰ ਆਰਡਰ ਕਰ ਸਕਦਾ ਹੈ।) |
| **ਤੁਸੀਂ ਬੀ ਸੀ ਪ੍ਰੋਵਿੰਸ਼ਲ ਕੋਰਟ ਵਿਚ ਕੀਤੇ ਗਏ ਕਿਸੇ ਮਾਸਟਰ'ਜ਼ ਆਰਡਰ ਦੀ ਅਪੀਲ ਕਰਨਾ ਚਾਹੁੰਦੇ ਹੋ।** *ਸੁਪਰੀਮ ਕੋਰਟ ਫੈਮਿਲੀ ਰੂਲਜ਼*, ਰੈਗੂਲੇਸ਼ਨ 105/2019, ਰੂਲ 22-7(8.1) | ਬੀ ਸੀ ਸੁਪਰੀਮ ਕੋਰਟ ਵਿਚ ਅਪੀਲ ਦਾ ਨੋਟਿਸ ਦਰਜ ਕਰਵਾਉ। | ਮਾਸਟਰ'ਜ਼ ਆਰਡਰ ਜਾਂ ਫੈਸਲੇ ਵਾਲੇ ਦਿਨ ਤੋਂ ਬਾਅਦ 14 ਦਿਨਾਂ ਦੇ ਵਿਚ ਵਿਚ ਆਪਣਾ ਅਪੀਲ ਦਾ ਨੋਟਿਸ ਦਰਜ ਕਰਵਾਉ। |
| **ਤੁਸੀਂ ਬੀ ਸੀ ਸੁਪਰੀਮ ਕੋਰਟ ਵਿਚ ਕੀਤੇ ਗਏ ਕਿਸੇ ਆਰਡਰ ਦੀ ਅਪੀਲ ਕਰਨਾ ਚਾਹੁੰਦੇ ਹੋ ਜਾਂ ਲੀਵ ਟੂ ਅਪੀਲ ਮੰਗਣਾ ਚਾਹੁੰਦੇ ਹੋ।** *ਕੋਰਟ ਔਫ ਅਪੀਲ ਐਕਟ*, ਆਰ.ਐੱਸ.ਬੀ.ਸੀ. 1996, ਸੀ. 77, ਐੱਸ. 14(1) | ਕੋਰਟ ਔਫ ਅਪੀਲ ਕੋਲ ਅਪੀਲ ਕਰੋ ਜਾਂ ਲੀਵ ਟੂ ਅਪੀਲ ਲਈ ਅਪਲਾਈ ਕਰੋ। | ਜੇ ਕਿਸੇ ਹੋਰ ਤਰ੍ਹਾਂ ਨਹੀਂ ਦੱਸਿਆ ਗਿਆ ਹੈ ਤਾਂ ਬੀ ਸੀ ਸੁਪਰੀਮ ਕੋਰਟ ਵਲੋਂ ਕੀਤੇ ਗਏ ਆਰਡਰ ਵਾਲੇ ਦਿਨ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ ਆਪਣੀ ਅਪੀਲ ਜਾਂ ਲੀਵ ਟੂ ਅਪੀਲ ਦਰਜ ਕਰਵਾਉ ਅਤੇ ਤਾਮੀਲ (ਸਰਵ) ਕਰਵਾਉ। |


Rise WOMEN'S LEGAL CENTRE

ਮਾਰਚ 2021



ਸਾਡਾ ਦਫਤਰ **Skwxwu7mesh** (ਸੁਕਾਮਿਸ਼), **Tsleil-Waututh** (ਸ਼ਰਾਰਡ), ਅਤੇ **xʷməθkʷəy̓əm** (ਮਸਕਿਊਮ) ਨੇਸ਼ਨਜ਼ ਦੀ ਕਦੇ ਵੀ ਹਵਾਲੇ ਨਾ ਕੀਤੀ ਗਈ ਟੈਰੀਟਰੀ ਉੱਪਰ ਸਥਿਤ ਹੈ।

516 Richards St, Vancouver, BC V6B 3A2
236-317-9000 | intake@womenslegalcentre.ca
**womenslegalcentre.ca**


ਇਸ ਲਿਖਤ ਦੇ ਅਨੁਵਾਦ ਮੈਂਡਾਰਿਨ, ਫਾਰਸੀ, ਪੰਜਾਬੀ, ਸਪੈਨਿਸ਼ ਵਿਚ ਮਿਲਦੇ ਹਨ।


ਇਸ ਲਿਖਤ ਵਿਚ ਕੋਈ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਪਿਆਰੇ ਨੂੰ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਕਿਸੇ ਵਕੀਲ ਨਾਲ ਸੰਪਰਕ ਕਰੋ।